# ਮਾਤਾ-ਪਿਤਾ ਅਤੇ ਵਿਦਿਆਰਥੀਆਂ ਲਈ ਜਾਣਕਾਰੀ

**ਇਸ ਪਤਝੜ ਦੀ ਰੁੱਤ ਦੌਰਾਨ ਸਾਡਾ ਸਕੂਲ ਹੈਲਦੀ ਯੂਥ ਸਰਵੇ (ਤੰਦਰੁਸਤ ਨੌਜੁਆਨਾਂ ਬਾਰੇ ਸਰਵੇਖਣ) ਵਿੱਚ ਹਿੱਸਾ ਲਏਗਾ।**

ਸਰਵੇਖਣ ਵਿੱਚ ਸੱਟ-ਫੇਟ, ਸਿਹਤ-ਨਤੀਜਿਆਂ ਅਤੇ ਸ਼ਰਾਬ ਤੇ ਨਸ਼ੇ ਦੀ ਵਰਤੋਂ ਨਾਲ ਹੋਣ ਵਾਲੇ ਜੋਖਮਾਂ ਬਾਰੇ ਸੁਆਲ ਪੁੱਛੇ ਜਾਂਦੇ ਹਨ। ਆਪਣੇ ਨੌਜੁਆਨਾਂ ਦੀ ਮਦਦ ਕਰਨ ਅਤੇ ਉਹਨਾਂ ਦੇ ਜੋਖਮਾਂ ਨੂੰ ਘਟਾਉਣ ਲਈ ਸਕੂਲ ਅਤੇ ਸਟੇਟ ਅਤੇ ਸਥਾਨਕ ਏਜੰਸੀਆਂ ਸਰਵੇਖਣ ਦੇ ਨਤੀਜਿਆਂ ਦੀ ਵਰਤੋਂ ਕਰਦੀਆਂ ਹਨ। ਹੈਲਦੀ ਯੂਥ ਸਰਵੇ ਵਾੱਲੰਟਰੀ ਹੈ ਅਤੇ ਅਨਾਮ ਹੈ ਅਤੇ ਇਸ ਗਾਈਡ ਪਾੱਲਿਸੀ ਅਤੇ ਪ੍ਰੋਗਰਾਮਾਂ ਨੂੰ ਅਹਿਮ ਜਾਣਕਾਰੀ ਮੁਹੱਈਆ ਕਰਦਾ ਹੈ, ਜੋ ਸਾਡੇ ਨੌਜੁਆਨਾਂ ਨੂੰ ਸੇਵਾਵਾਂ ਦਿੰਦੇ ਹਨ।

*ਕਿਰਪਾ ਕਰਕੇ ਇਹ ਜਾਣਕਾਰੀ ਆਪਣੇ ਵਿਦਿਆਰਥੀ ਨਾਲ ਸਾਂਝੀ ਕਰੋ।*

*ਫਿਰ ਸਰਵੇਖਣ ਬਾਰੇ ਗੱਲ ਕਰੋ ਅਤੇ ਫ਼ੈਸਲਾ ਕਰੋ ਕਿ ਤੁਹਾਡਾ ਵਿਦਿਆਰਥੀ ਹਿੱਸਾ ਲਏਗਾ।*

**ਸੁ: ਸਰਵੇਖਣ ਕਰਨ ਲਈ ਕਿਸ ਨੂੰ ਪੁੱਛਿਆ ਜਾਏਗਾ?**

**ਜ:** ਗ੍ਰੇਡ 6, 8, 10 ਅਤੇ 12 ਵਿਚਲੇ ਵਿਦਿਆਰਥੀ ਵਾੱਸ਼ਿੰਗਟਨ ਸਟੇਟ ਅਤੇ ਛੋਟੀਆਂ ਸਕੂਲ ਡਿਸਟ੍ਰਿਕਟਾਂ ਵਿੱਚ ਗ੍ਰੇਡ 7, 9 ਅਤੇ 11 ਵਿਚਲੇ ਵਿਦਿਆਰਥੀ।

**ਸੁ: ਕੀ ਸਰਵੇਖਣ ਵਾੱਲੰਟਰੀ ਹੈ?**

**ਜ:** ਹਾਂ! ਸਰਵੇਖਣ ਕਰ ਰਹੇ ਵਿਦਿਆਰਥੀ ਸੁਆਲ ਛੱਡ ਸਕਦੇ ਹਨ ਅਤੇ ਕਿਸੇ ਵੀ ਸਮੇਂ ਸਰਵੇਖਣ ਕਰਨਾ ਬੰਦ ਕਰ ਸਕਦੇ ਹਨ। ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਵਿਦਿਆਰਥੀ ਸਰਵੇਖਣ ਵਿੱਚ ਹਿੱਸਾ ਲਏ, ਤਾਂ ਆਪਣੇ ਵਿਦਿਆਰਥੀ ਲਈ ਨਾਂਹ ਕਹਿਣ ਵਾਸਤੇ ਤੁਸੀਂ ਸਕੂਲ ਨੂੰ ਕਾੱਲ ਕਰ ਸਕਦੇ ਹੋ। ਵਿਦਿਆਰਥੀ ਆਪਣੇ ਅਧਿਆਪਕ ਨੂੰ ਵੀ ਕਹਿ ਸਕਦੇ ਹਨ ਕਿ ਉਹ ਸਰਵੇਖਣ ਵਿੱਚ ਹਿੱਸਾ ਨਹੀਂ ਲੈਣਾ ਚਾਹੁੰਦੇ। ਸਰਵੇਖਣ ਵਿੱਚ ਹਿੱਸਾ ਨਹੀਂ ਲੈ ਰਹੇ ਵਿਦਿਆਰਥੀ ਇੱਕ ਵੱਖ ਸਰਗਰਮੀ ਵਿੱਚ ਹਿੱਸਾ ਲੈਣਗੇ, ਜਿਵੇਂ ਲਾਇਬ੍ਰੇਰੀ ਵਿੱਚ ਅਧਿਅਨ ਕਰਨਾ ਜਾਂ ਪੜ੍ਹਣਾ। ਸਰਵੇਖਣ ਵਿੱਚ ਹਿੱਸਾ ਨਾ ਲੈਣ ਦੀ ਕੋਈ ਸਜ਼ਾ ਨਹੀਂ ਹੈ। ਤੁਹਾਡੇ ਵਿਦਿਆਰਥੀ ਦੇ ਗ੍ਰੇਡਾਂ 'ਤੇ ਅਸਰ ਨਹੀਂ ਪਏਗਾ।

**ਸੁ: ਸਰਵੇਖਣ ਵਿੱਚ ਕਿਸ ਤਰ੍ਹਾਂ ਦੇ ਸੁਆਲ ਹਨ?**

**ਜ:** ਸਰਵੇਖਣ ਵਿੱਚ ਸ਼ਾਮਿਲ ਸੁਆਲ ਪੂਰੇ ਦੇਸ਼ ਅਤੇ ਵਾੱਸ਼ਿੰਗਟਨ ਵਿਚਲੇ ਸਰਵੇਖਣਾਂ ਤੋਂ ਆਉਂਦੇ ਹਨ। ਸਰਵੇਖਣ ਦੀ ਕਾੱਪੀ ਵੇਖਣ ਲਈ ਮਾਤਾ-ਪਿਤਾ ਜਾਂ ਸਰਪ੍ਰਸਤ ਆਪਣੇ ਸਕੂਲ ਦੇ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ।

ਸੁਆਲਾਂ ਵਿੱਚ ਸ਼ਾਮਿਲ ਵਿਸ਼ੇ ਹਨ:

- ਉਮਰ, ਲਿੰਗ ਅਤੇ ਬੰਸ ਅਤੇ ਨਸਲੀ ਮੂਲ ਵਰਗੀ ਜਾਣਕਾਰੀ
- ਸਕੂਲ ਅਤੇ ਭਾਈਚਾਰੇ ਬਾਰੇ ਅਹਿਸਾਸ
- ਮਾਤਾ-ਪਿਤਾ, ਦੋਸਤਾਂ ਅਤੇ ਗੁਆਂਢੀਆਂ ਨਾਲ ਰਿਸ਼ਤਾ
- ਖਾਣ-ਪੀਣ ਦੇ ਸ਼ੌਕ, ਸਰੀਰਕ ਸਰਗਰਮੀ
- ਸਿਹਤ ਸਿੱਖਿਆ
- ਤਮਾਖੂ, ਸ਼ਰਾਬ ਅਤੇ ਨਸ਼ਿਆਂ ਬਾਰੇ ਅਤੇ ਉਹਨਾਂ ਦੀ ਵਰਤੋਂ ਬਾਰੇ ਨਜ਼ਰੀਆ
- ਸੁਰੱਖਿਆ ਸਬੰਧੀ ਵਿਹਾਰ ਅਤੇ ਅਹਿਸਾਸ
- ਹਿੰਸਾ ਸਬੰਧੀ ਵਿਹਾਰ
- ਲਿੰਗ-ਪਛਾਣ ਅਤੇ ਜਿਨਸੀ ਰੁਝਾਨ (ਗ੍ਰੇਡ 6 ਜਾਂ 7 ਲਈ ਨਹੀਂ)
- ਜਿਨਸੀ ਵਿਹਾਰ ਅਤੇ ਦੁਰਵਿਹਾਰ (ਸ਼ੋਸ਼ਣ) (ਗ੍ਰੇਡ 6 ਜਾਂ 7 ਲਈ ਨਹੀਂ)

**ਸੁ: ਵਿਦਿਆਰਥੀ ਦੀ ਪਛਾਣ ਦੀ ਰਾਖੀ ਕਿਵੇਂ ਕੀਤੀ ਜਾਂਦੀ ਹੈ?**

**ਜ:** ਵਿਦਿਆਰਥੀਆਂ ਨੂੰ ਸਰਵੇਖਣ 'ਤੇ ਆਪਣੇ ਨਾਂ ਨਹੀਂ ਲਿਖਣੇ ਪੈਣਗੇ। ਵਿਦਿਆਰਥੀ ਦੇ ਸਰਵੇਖਣ ਨਾਲ ਮੇਲ ਖਾਂਦੇ ਕੋਈ ਕੋਡ ਜਾਂ ਜਾਣਕਾਰੀ ਨਹੀਂ ਹੁੰਦੀ ਸਕੂਲ ਤੋਂ ਉਹਨਾਂ ਦੇ ਜਵਾਬ ਕੋਈ ਨਹੀਂ ਵੇਖੇਗਾ। ਸਰਵੇਖਣ ਪੂਰਾ ਹੋਣ 'ਤੇ ਵਿਦਿਆਰਥੀ ਆਪਣੇ ਭਰੇ ਹੋਏ ਸਰਵੇਖਣ ਰਾਜ਼ਦਾਰੀ ਨਾਲ ਜਮ੍ਹਾ ਕਰਨਗੇ। ਸਰਵੇਖਣ ਦੇ ਨਤੀਜਿਆਂ ਨਾਲ ਕਿਸੇ ਵੀ ਵਿਦਿਆਰਥੀ ਦੀ ਪਛਾਣ ਨਹੀਂ ਹੋਏਗੀ।

**ਸੁ: ਸਰਵੇਖਣ ਦੇ ਨਤੀਜਿਆਂ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ?**

**ਜ:** ਆਪਣੇ ਵਿਦਿਆਰਥੀਆਂ ਨੂੰ ਸਮਝਣ ਅਤੇ ਉਹਨਾਂ ਨੂੰ ਲੋੜੀਂਦੀਆਂ ਸੇਵਾਵਾਂ ਮੁਹੱਈਆ ਕਰਨ ਲਈ ਸਕੂਲ, ਸਕੂਲ ਡਿਸਟ੍ਰਿਕਟ,ਕਾਉਂਟੀਆਂ ਅਤੇ ਸਟੇਟ ਏਜੰਸੀਆਂ ਨਤੀਜਿਆਂ ਦੀ ਵਰਤੋਂ ਕਰਦੀਆਂ ਹਨ। ਪਲਾਨ ਬਣਾਉਣ, ਮੁਲਾਂਕਣ ਕਰਨ ਅਤੇ ਪ੍ਰੋਗਰਾਮਾਂ ਨੂੰ ਬਿਹਤਰ ਬਣਾਉਣ ਲਈ ਉਹਨਾਂ ਦੀ ਮਦਦ ਕਰਨ ਵਾਸਤੇ ਰਕਮਾਂ ਹਾਸਿਲ ਕਰਨ ਵਾਸਤੇ ਨਤੀਜਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਅਨਾਮ ਡਾਟਾ, ਸਥਾਨਕ ਸਿਹਤ ਵਿਭਾਗਾਂ ਅਤੇ ਮੰਜ਼ੂਰਸ਼ੁਦਾ ਖੋਜਕਾਰਾਂ ਨਾਲ ਵੀ ਸਾਂਝਾ ਕੀਤਾ ਜਾਂਦਾ ਹੈ।

**ਹੋਰ ਜਾਣਕਾਰੀ ਚਾਹੀਦੀ ਹੈ?**

ਜੇ ਸਰਵੇਖਣ ਦੇ ਉਦੇਸ਼ ਜਾਂ ਸਰਵੇਖਣ ਦੀਆਂ ਕਾਰਵਾਈਆਂ ਬਾਰੇ ਤੁਹਾਡੇ ਕੋਈ ਸੁਆਲ ਹਨ:

- ਟੋਲ-ਫ੍ਰੀ 'ਤੇ ਕਾੱਲ ਕਰੋ 1-877-HYS-7111
- ਈਮੇਲ healthy.youth@doh.wa.gov

ਹੈਲਦੀ ਯੂਥ ਸਰਵੇ ਬਾਰੇ ਜਾਣਕਾਰੀ: www.AskHYS.net 'ਤੇ ਮਿਲ ਸਕਦੀ ਹੈ

ਇਸ ਚਿੱਠੀ ਵਿੱਚ ਦੱਸੇ ਗਏ ਅਨੁਸਾਰ, ਹੈਲਦੀ ਯੂਥ ਸਰਵੇ ਲਈ ਕਾਰਵਾਈਆਂ ਨੂੰ ਵਾੱਸ਼ਿੰਗਟਨ ਸਟੇਟ ਸੰਸਥਾਗਤ ਜਾਇਜ਼ਾ ਬੋਰਡ ਨੇ ਮੰਜ਼ੂਰੀ ਦਿੱਤੀ ਹੈ। ਜੇ ਤੁਹਾਨੂੰ ਲੱਗਦਾ ਹੈ ਕਿ ਇਹਨਾਂ ਕਾਰਵਾਈਆਂ ਦੀ ਪਾਲਣਾ ਨਹੀਂ ਕੀਤੀ ਜਾਂਦੀ, ਤਾਂ ਕਿਰਪਾ ਕਰਕੇ 1-800-583-8488 'ਤੇ ਕਾੱਲ ਕਰੋ। ਤੁਹਾਨੂੰ ਆਪਣਾ ਨਾਂ ਨਹੀਂ ਛੱਡਣਾ ਪੈਂਦਾ। ਸਾਰੇ ਸੁਨੇਹੇ ਵਾਪਸ ਕਰ ਦਿੱਤੇ ਜਾਣਗੇ।

**ਵਿਦਿਆਰਥੀ 1988 ਤੋਂ ਹੀ ਹੈਲਦੀ ਯੂਥ ਸਰਵੇ ਕਰ ਰਹੇ ਹਨ। ਇੱਕ ਸਾਲ ਵਿੱਚ ਸਿਰਫ਼ ਕੁਝ ਹਜ਼ਾਰ ਵਿਦਿਆਰਥੀਆਂ ਦੀ ਤਦਾਦ ਵਧਕੇ 230,000 ਤੋਂ ਉੱਪਰ ਪਹੁੰਚ ਗਈ ਹੈ!**

*ਇਸ ਜਾਣਕਾਰੀ ਦਾ ਜਾਇਜ਼ਾ ਲੈਣ ਅਤੇ ਆਪਣੇ ਵਿਦਿਆਰਥੀ ਨਾਲ ਗੱਲ ਕਰਨ ਲਈ ਸ਼ੁਕਰੀਆ!*

*ਹੈਲਦੀ ਯੂਥ ਸਰਵੇ ਨੂੰ ਹੇਠਾਂ ਦਿੱਤੀਆਂ ਸਟੇਟ ਏਜੰਸੀਆਂ ਨੇ ਸਪਾਂਸਰ ਕੀਤਾ ਹੈ: ਸਿਹਤ ਸੰਭਾਲ ਅਥਾੱਰਿਟੀ – ਵਿਹਾਰ ਸਬੰਧੀ ਸਿਹਤ ਅਤੇ ਰਿਕਵਰੀ ਡਿਵੀਜ਼ਨ, ਸਿਹਤ ਵਿਭਾਗ, ਸਰਕਾਰੀ ਸਿੱਖਿਆ ਬਾਰੇ ਸੁਪਰਇੰਟੈਂਡੈਂਟ ਦਾ ਦਫ਼ਤਰ ਅਤੇ ਸ਼ਰਾਬ ਅਤੇ ਭੰਗ ਸਬੰਧੀ ਬੋਰਡ।*